# ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ

# ਪ੍ਰੈਸ ਨੋਟ

## ਨਗਰ ਨਿਗਮ ਦੀ ਟੀਮ ਨੇ ਵੱਖ-ਵੱਖ ਟਿਊਬਵੈਲਾਂ ਦੀ ਕੀਤੀ ਅਚਨਚੇਤ ਚੈਕਿੰਗ

## ਗੈਰ ਹਾਜ਼ਰ ਪਾਏ ਗਏ 5 ਟਿਊਬਵੈਲ ਉਪਰੇਟਰਾਂ ਨੂੰ ਤਾੜਨਾ ਪੱਤਰ ਜਾਰੀ ਕੀਤੇ..... ਮੇਅਰ ਸ਼ਿਵ ਸੂਦ

ਹੁਸ਼ਿਆਰਪੁਰ 25 ਮਈ ਸ਼ਹਿਰ ਨਿਵਾਸੀਆਂ ਨੂੰ ਪੀਣ ਵਾਲੇ ਸਾਫ਼ ਪਾਣੀ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਉਣ ਲਈ ਭੇਜੀ ਗਈ ਟੀਮ ਜਿਸ ਵਿੱਚ ਜੇ.ਈ ਮਕੈਨੀਕਲ ਅਸ਼ਵਨੀ ਸ਼ਰਮਾ, ਵਾਟਰ ਸਪਲਾਈ ਦੇ ਇੰਪੈਕਟਰ ਰਵਿੰਦਰ ਠਾਕੁਰ ਅਤੇ ਕੁਲਵਿੰਦਰ ਸਿੰਘ ਸ਼ਾਮਲ ਹਨ ਵੱਲੋਂ ਅਚਨਚੇਤ ਚੈਕਿੰਗ ਦੌਰਾਨ ਗੈਰ ਹਾਜ਼ਰ ਪਾਏ ਗਏ 5 ਟਿਊਬਵੈਲ ਉਪਰੇਟਰਾਂ ਨੂੰ ਤਾੜਨਾ ਪੱਤਰ ਜਾਰੀ ਕੀਤੇ ਗਏ ਹਨ ਇਹ ਜਾਣਕਾਰੀ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਦਿੰਦਿਆਂ ਦੱਸਿਆ ਕਿ ਇਸ ਟੀਮ ਵੱਲੋਂ ਵੱਖ ਵੱਖ ਵਾਰਡਾਂ ਦੇ ਟਿਊਬਵੈਲਾਂ ਤੇ ਜਾ ਕੇ ਹਾਜ਼ਰੀ ਰਜਿਸਟਰ ਚੈੱਕ ਕੀਤੇ ਅਤੇ ਟਿਊਬਵੈਲਾਂ ਰਾਹੀਂ ਸਪਲਾਈ ਕੀਤੇ ਜਾਣ ਵਾਲੇ ਪਾਣੀ ਵਿੱਚ ਮਿਲਾਈ ਜਾਣ ਵਾਲੀ ਕਲੋਰੀਨ ਦੀ ਵੀ ਚੈਕਿੰਗ ਕੀਤੀ ਚੈਕਿੰਗ ਦੌਰਾਨ ਵਾਰਡ ਨੰ: 49 ਦ ਕੌਂਸਲਰ ਸਰਬਜੀਤ ਸਿੰਘ ਵੀ ਆਪਣੇ ਵਾਰਡ ਦੇ ਟਿਊਬਵੈਲ ਤੇ ਹਾਜ਼ਰ ਸਨ ਮੇਅਰ ਸ਼ਿਵ ਸੂਦ ਨੇ ਦੱਸਿਆ ਕਿ ਨਗਰ ਨਿਗਮ ਵੱਲੋਂ ਰੋਜ਼ਾਨਾ ਵੱਖ- ਵੱਖ ਵਾਰਡਾਂ ਵਿੱਚ ਟਿਊਬਵੈਲਾਂ ਦੀ ਚੈਕਿੰਗ ਕੀਤੀ ਜਾਵੇਗੀ ਅਤੇ ਗੈਰ ਹਾਜ਼ਰ ਪਾਏ ਜਾਣ ਵਾਲੇ ਟਿਊਬਵੈਲ ਉਪਰੇਟਰਾਂ ਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ।